# ਗੁਰੂ ਨਾਨਕ ਚਿੰਤਨ ਦੀ ਗੌਰਵਸ਼ੀਲਤਾ

**ਡਾ. ਜਗਰੂਪ ਸਿੰਘ ਸੇਖੋਂ**

ਵਿਜਟਿੰਗ ਪ੍ਰੋਫ਼ੈਸਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 94170-75563

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦਾ 556ਵਾਂ ਜਨਮ ਦਿਹਾੜਾ 5 ਨਵੰਬਰ 2025 ਨੂੰ ਦੇਸ਼ ਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ ਹੈ। ਗਿਆਨ ਦੇ ਪਸਾਰੇ, ਦੇਸ਼ ਦੁਨੀਆਂ ਵਿਚ ਵਾਪਰ ਰਹੀਆਂ ਘਟਨਾਵਾਂ ਬਣੌਟੀ ਰਵਾਇਤਾਂ, ਰਾਜ ਦੇ ਬਦਲਦੇ ਸਰੂਪਾਂ ਨੇ ਉਹਨਾਂ ਦੀ ਸਰਵ-ਵਿਆਪੀ ਸਿੱਖਿਆ ਅਤੇ ਦਰਸ਼ਨ ਨੂੰ ਸਮਕਾਲੀ ਸਮੇਂ ਵਿਚ ਹੋਰ ਜ਼ਿਆਦਾ ਪ੍ਰਸੰਗਿਕ ਬਣਾ ਦਿੱਤਾ ਹੈ। ਇੰਜ ਲੱਗਦਾ ਹੈ ਕਿ ਇਕ ਪਾਸੇ ਮੌਜੂਦਾ ਸਮੇਂ ਦਾ ਦੌਰ ਹਾਸ਼ੀਏ ਤੇ ਧੱਕੇ ਹੋਏ ਲੋਕਾਂ ਲਈ ਬਹੁਤ ਮੁਸ਼ਕਿਲਾਂ ਪੈਦਾ ਕਰ ਰਿਹਾ ਤੇ ਦੂਜੇ ਪਾਸੇ ਸਾਰੀ ਮਨੁੱਖਤਾ ਗੰਭੀਰ ਸੰਕਟਾਂ ਅਤੇ ਟਕਰਾਵਾਂ ਦੇ ਹਰ ਰੂਪ ਦੇ ਦੌਰ ਵਿਚੋਂ ਲੰਘ ਰਹੀ ਹੈ। ਬਾਬੇ ਨਾਨਕ ਨੇ ਆਪਣੇ ਸਮੇਂ ਵਿਚ ਇਹਨਾਂ ਸੰਕਟਾਂ ਅਤੇ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਬਹੁਤ ਸਾਰੀਆਂ ਨਵੀਆਂ ਰਵਾਇਤਾਂ ਅਤੇ ਨਿਯਮਾਂ ਦੀ ਨੀਂਹ ਰੱਖੀ। ਇਸਦਾ ਮੁੱਖ ਮਕਸਦ ਜਨ ਸਧਾਰਨ ਵਿਚ ਅਜਿਹੀ ਚੇਤਨਾ ਪੈਦਾ ਕਰਨਾ ਸੀ ਜਿਸ ਨਾਲ ਇਕ ਸਭਿਆ ਤੇ ਇਨਸਾਫ ਪਸੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਹਨਾਂ ਦੇ ਸਭ ਤੋਂ ਮਹੱਤਵਪੂਰਨ ਵਿਚਾਰਾਂ ਵਿਚ ਲੋਕਾਂ ਦੀ ਲੋਕਾਂ ਨਾਲ ਗੱਲਬਾਤ ਦੀ ਇਕ ਮਜ਼ਬੂਤ ਨੀਂਹ ਨੂੰ ਉਸਾਰਨਾ ਸੀ। ਇਸ ਤਰੀਕੇ ਉਹਨਾਂ ਨੇ ਸਮਾਜਿਕ ਢਾਂਚੇ ਦੀਆਂ ਬੁਰਾਈਆਂ ਭਾਵ ਅਗਿਆਨਤਾ, ਸੰਪਰਦਾਇਕ ਅਭਿਆਸ, ਤਰਕਹੀਣ ਵੰਡਾਂ, ਵਿਤਕਰੇ ਆਦਿ ਨੂੰ ਦੂਰ ਕਰਨ ਲਈ ਖੁਦ ਸੰਵਾਦ ਦਾ ਅਭਿਆਸ ਕੀਤਾ। ਇਸ ਦਾ ਮੁੱਖ ਮਕਸਦ ਮਨੁੱਖਤਾ ਨੂੰ ਨਿਆਂ ਅਧਾਰਤ ਤੇ ਪੱਖਪਾਤੀ ਕਰਮਕਾਡਾਂ, ਕੱਟੜਪੰਥੀ, ਸੰਕੀਰਨ ਸੋਚ ਆਦਿ ਅਭਿਆਸਾਂ ਦੇ ਹਨੇਰੇ ਤੋਂ ਮੁਕਤ ਕੀਤਾ ਜਾਵੇ। ਆਪਣੀਆਂ ਸਿੱਖਿਆਵਾਂ ਤੇ ਅਭਿਆਸਾਂ ਰਾਹੀਂ ਬਾਬੇ ਨਾਨਕ ਨੇ ਉਸ ਸਮੇਂ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਆਦਿ ਪ੍ਰਣਾਲੀਆਂ ਨੂੰ ਨੈਤਿਕ ਤੌਰ ਤੇ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਜਿਹੜੀਆਂ ਉਹਨਾਂ ਦੇ ਕਹਿਣ ਅਨੁਸਾਰ ਇਹ ਸਾਰੀਆਂ ਸਭ ਤੋਂ ਹੇਠਲੇ ਪੱਧਰ ’ਤੇ ਸਨ।

ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਸਾਨੂੰ ਇਕ ਨਿਆਂਪੂਰਨ ਸਮਾਜਿਕ ਵਿਵਸਥਾ ਸਥਾਪਿਤ ਕਰਨ ਦਾ ਰਸਤਾ ਦਿਖਾਉਂਦੀਆਂ ਹਨ ਜਿਸ ਵਿਚ ਸਮਾਨਤਾ, ਆਜ਼ਾਦੀ, ਭਾਈਚਾਰਾ ਆਦਿ ਇਸ ਦੇ ਮੁੱਖ ਥੰਮ ਹਨ। ਇਹ ਸਿੱਖਿਆਵਾਂ ਬਾਅਦ ਵਿਚ ਵਿਅਕਤੀ ਦੀ ਆਜ਼ਾਦੀ ਅਤੇ ਲੋਕਤੰਤਰੀ ਵਿਵਸਥਾਵਾਂ ਦਾ ਰੂਪ ਧਾਰਨ ਕਰਦੀਆਂ ਹਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਨਾ ਕੇਵਲ ਅਜਿਹੀਆਂ ਵਿਵਸਥਾਵਾਂ ਦੀ ਕਲਪਨਾ ਕੀਤੀ, ਸਗੋਂ ਉਹਨਾਂ ਉਸ ਸਮੇਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਹਾਲਾਤਾਂ ਨੂੰ ਇਕ ਵੱਡੀ ਚੁਣੌਤੀ ਵੀ ਦਿੱਤੀ। ਉਹਨਾਂ ਨੇ ਆਪਣੇ ਸਮੇਂ ਹਾਸ਼ੀਏ ਤੇ ਰਹਿਣ ਵਾਲੇ ਵਰਗਾਂ ਦਾ ਸ਼ੋਸ਼ਣ ਕਰਨ ਵਾਲੇ ਤਾਕਤਵਰ ਲੋਕਾਂ ਨੂੰ ਚੁਣੌਤੀ ਵੀ ਦਿੱਤੀ। ਉਹਨਾਂ ਨੇ ਸਮਾਜ ਵਿਚ ਵੰਡ ਪਾਉਣ ਵਾਲੇ ਅਤੇ ਸ਼ੋਸ਼ਣ ਕਰਨ ਵਾਲੇ ਲੋਕਾਂ ਦੇ ਵਰਗਾਂ ਦੀ ਨਾ ਕੇਵਲ ਨਿੰਦਾ ਕੀਤੀ, ਬਲਕਿ ਉਹਨਾਂ ਦੇ ਖਿਲਾਫ ਆਵਾਜ਼ ਵੀ ਉਠਾਈ। ਇਸੇ ਤਰ੍ਹਾਂ ਦੀ ਆਵਾਜ਼ ਬਾਬਾ ਨਾਨਕ ਨੇ ਮੁਗਲ ਸ਼ਾਸਕ ਬਾਬਰ ਦੇ ਅਨਿਆਂਪੂਰਨ ਹਮਲੇ ਵਿਰੁੱਧ ਉਠਾਈ ਸੀ। ਉਹਨਾਂ ਨੂੰ ਜਾਣਕਾਰੀ ਸੀ ਕਿ ਕਿਵੇਂ ਸ਼ਾਸਕ ਤੇ ਉੱਚ ਵਰਗ ਸਮਾਜ ਗਰੀਬਾਂ, ਦੱਬੇ ਕੁਚਲੇ ਤੇ ਬੇਸਹਾਰਾ ਲੋਕਾਂ ਦਾ ਸ਼ੋਸ਼ਣ ਕਰਦੇ ਹਨ ਅਤੇ ਕਿਵੇਂ ਇਹ ਢਾਂਚਾਂ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਦੇ ਰਸਤੇ ਵਿਚ ਵੱਡੀ ਰੁਕਾਵਟ ਬਣਿਆ ਹੋਇਆ ਹੈ। ਇਸ ਵਿਚ ਹਿੰਦੂ ਸਮਾਜ ਦਾ ਜਾਤ-ਪਾਤ ਦਾ ਢਾਂਚਾ ਵੀ ਸ਼ਾਮਿਲ ਸੀ। ਉਹਨਾਂ ਨੇ ਜਾਤ-ਪਾਤ ਦੇ ਢਾਂਚੇ ਦੀ ਨਾ ਸਿਰਫ ਨਿੰਦਾ ਹੀ ਕੀਤੀ ਬਲਕਿ ਉਹਨਾਂ ਨੇ ਆਪਣੇ ਸਭ ਤੋਂ ਨੇੜਲੇ ਚੇਲੇ ਭਾਈ ਮਰਦਾਨਾ ਅਤੇ ਭਾਈ ਬਾਲਾ ਨੂੰ ਬਣਾਇਆ। ਇਹ ਦੋਵੇਂ ਉਸ ਸਮੇਂ ਦੇ ਸਮਾਜ ਦੇ ਹੇਠਲੇ ਤਬਕੇ ਨਾਲ ਸਬੰਧਿਤ ਹਨ।

ਹੁਣ ਅਸੀਂ ਗੁਰੂ ਨਾਨਕ ਦੇਵ ਦੇ ਉਸ ਸਮੇਂ ਵਿਚ ਦਿੱਤੇ ਉਪਦੇਸ਼ਾਂ, ਸਿੱਖਿਆਵਾਂ ਦਾ ਵਰਣਨ ਕਰਾਂਗੇ ਜਿਹਨਾਂ ਦੁਆਰਾ ਉਹ ਇਕ ਵੱਡੇ ਧਾਰਮਿਕ ਗੁਰੂ, ਸਮਾਜ ਸੁਧਾਰਕ ਹਨ ਬਲਕਿ ਇਕ ਕ੍ਰਾਤੀਕਾਰੀ ਦੇ ਤੌਰ ਤੇ ਵੀ ਜਾਣੇ ਜਾਂਦੇ ਹਨ।

ਔਰਤ ਦਾ ਉਸ ਸਮੇਂ ਵਿਚ ਅਤੇ ਕੁਝ ਹੱਦ ਤਕ ਹੁਣ ਵੀ ਸਮਾਜ ਵਿਚ ਰੁਤਬਾ ਬਰਾਬਰਤਾ ਵਾਲਾ ਨਹੀਂ

ਸੀ। ਉਹ ਹਰ ਤਰ੍ਹਾਂ ਨਾਲ ਦਬਾਈ ਜਾਂਦੀ ਸੀ ਅਤੇ ਉਸ ਦੀ ਸਥਿਤੀ ਹਾਸ਼ੀਏ ’ਤੇ ਸੀ। ਇਹ ਵਰਤਾਰਾ ਬਹੁਤ ਲੰਮੇ ਸਮੇਂ ਤੋਂ ਚੱਲ ਰਿਹਾ ਸੀ। ਇਸ ਦੇ ਕਾਰਨ ਹੀ ਔਰਤ ਦੀ ਸਮਾਜ ਵਿਚ ਕੋਈ ਆਪਣੀ ਹੋਂਦ ਨਹੀਂ ਸੀ। ਇਸ ਵਿਵਸਥਾ ਨੂੰ ਗੁਰੂ ਨਾਨਕ ਦੇਵ ਜੀ ਨੇ ਬਹੁਤ ਹੀ ਜ਼ੋਰ ਨਾਲ ਵੰਗਾਰਿਆ ਅਤੇ ਆਪਣੇ ਉਪਦੇਸ਼ਾਂ ਨਾਲ ਔਰਤ ਨੂੰ ਉਸਦਾ ਬਣਦਾ ਸਥਾਨ ਦਿੱਤਾ। ਗੁਰੂ ਨਾਨਕ ਦੇਵ ਜੀ ਦੀਆਂ ਹੇਠ ਲਿਖੀਆਂ ਆਇਤਾਂ ਵਿਚ ਉਹਨਾਂ ਨੇ ਔਰਤਾਂ ਦੀ ਸਮਾਜ ਵਿਚ ਬਣਦੀ ਸ਼ਾਨ ਤੇ ਸਥਾਨ ਦਾ ਜ਼ਿਕਰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਰੇਖਾਕਿਤ ਕੀਤਾ ਹੈ:

*ਭੰਡ ਜੰਮੀਐ ਭੰਡ ਨਿੰਮੀਐ, ਭੰਡ ਮੰਗਣੁ ਵੀਆਹੁ।।*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।*
*ਭੰਡ ਮੁਆ ਭੰਡ ਭੰਡ ਭਾਲੀਐ ਭੰਡ ਹੋਵੈ ਬੰਧਾਨੁ।।*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।*

ਇਸ ਵਿਧੀ ਨਾਲ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਮਾਜ ਵਿਚ ਬਣਦੇ ਰੁਤਬੇ ਅਤੇ ਇੱਜਤ ਦੀ ਜ਼ੋਰਦਾਰ ’ਤੇ ਤਰਕ ਭਰੇ ਤਰੀਕੇ ਨਾਲ ਵਕਾਲਤ ਕੀਤੀ। ਉਹਨਾਂ ਨੇ ਨਾ ਸਿਰਫ਼ ਔਰਤ ਨੂੰ ਮਨੁੱਖੀ ਸਮਾਜ ਵਿਚ ਨੀਵੀਂ ਸਮਝੇ ਜਾਣ ਦਾ ਵਿਰੋਧ ਕੀਤਾ ਬਲਕਿ ਉਸਨੂੰ ਮਨੁੱਖੀ ਸਮਾਜ ਦਾ ਇਕ ਮਹੱਤਵਪੂਰਨ ਹਿੱਸਾ ਤੇ ਸਿਰਜਣਹਾਰ ਦੱਸਿਆ। ਇਹਨਾਂ ਕਥਨਾਂ ਵਿਚ ਗੁਰੂ ਨਾਨਕ ਨੇ ਔਰਤ ਨੂੰ ਹੀ ਮਨੁੱਖੀ ਸਮਾਜ ਦੇ ਕੇਂਦਰ ਬਿੰਦੂ ਵਿਚ ਰੱਖ ਕੇ ਉਸ ਸਮੇਂ ਵਿਚ ਇਕ ਵੱਡਾ ਕ੍ਰਾਂਤੀਕਾਰੀ ਲੋਕ ਸੁਨੇਹਾ ਦਿੱਤਾ। ਇਹ ਉਸ ਸਮੇਂ ਵਿਚ ਔਰਤਾਂ ਪ੍ਰਤੀ ਪ੍ਰਚਲਿਤ ਧਾਰਨਾਵਾਂ ਦੇ ਬਿਲਕੁਲ ਖਿਲਾਫ਼ ਸੀ ਜਿਸ ਵਿਚ ਔਰਤ ਦਾ ਦਰਜਾ ਸਮਾਜ ਵਿਚ ਬਹੁਤ ਨੀਵਾਂ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਜਿੰਨਾਂ ਵਿਚ ਔਰਤ ਨੂੰ ਸਭ ਤੋਂ ਵੱਧ ਦੁੱਖ ਤੇ ਤਸੀਹੇ ਝੱਲਣੇ ਪੈਂਦੇ ਸਨ, ਬਾਰੇ ਵੀ ਬਾਬੇ ਨਾਨਕ ਨੇ ਖੁਲ੍ਹ ਕੇ ਵਿਰੋਧ ਕੀਤਾ। ਇਸਦਾ ਮੁੱਖ ਕਾਰਨ ਸੀ ਕਿ ਉਸ ਸਮੇਂ ਸਮਾਜ ਵਿਚ ਔਰਤਾਂ ਨਾਲ ਸ਼ੂਦਰਾਂ ਜਾਂ ਅਛੂਤਾਂ ਵਰਗਾ ਵਿਵਹਾਰ ਕੀਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਸਮਾਜ ਵਿਚ ਦਰਜੇ ਨੂੰ ਨਵੀਂ ਪਰਿਭਾਸ਼ਾ ਦਿੱਤੀ ਤੇ ਉਸ ਸਮੇਂ ਦੀਆਂ ਔਰਤਾਂ ਪ੍ਰਤੀ ਧਾਰਮਿਕ ਵਿਵਸਥਾ ਅਤੇ ਸਮਾਜਿਕ ਰੀਤੀ ਰਿਵਾਜ਼ਾਂ ’ਤੇ ਕੇਵਲ ਸਵਾਲ ਹੀ ਨਹੀਂ ਉਠਾਏ ਬਲਕਿ ਉਹਨਾਂ ਦੀ ਜ਼ੋਰਦਾਰ ਨਿੰਦਾ ਵੀ ਕੀਤੀ। ਉਹਨਾਂ ਦੇ ਕਥਨ ਮੁਤਾਬਕ ਇਹ ਔਰਤ ਹੀ ਹੈ, ਜੋ ਮਨੁੱਖੀ ਸਮਾਜ ਦੀ ਜਣਨੀ ਹੈ। ਇਹ ਬੱਚੇ ਨੂੰ ਜਨਮ ਦੇਂਦੀ ਹੈ। ਉਹ ਆਪਣੀ ਕੁੱਖ ਅੰਦਰ ਭਰੂਣ ਨੂੰ ਗਰਭਵਤੀ ਅਤੇ ਪੋਸ਼ਣ ਦਿੰਦੀ ਹੈ। ਇਹ ਔਰਤ ਹੀ ਹੈ ਜਿਸ ਨਾਲ ਆਦਮੀ ਵਿਆਹ ਕਰਦਾ ਹੈ ਤੇ ਉਹ ਉਸਦੀ ਦੋਸਤ ਬਣ ਜਾਂਦੀ ਹੈ। ਜਦੋਂ ਮਰਦ ਦੀ ਪਤਨੀ ਦੀ ਮੌਤ ਹੋ ਜਾਂਦੀ ਹੈ ਤਾਂ ਉਹ ਦੂਸਰੀ ਨੂੰ ਭਾਲਦਾ ਹੈ। ਔਰਤ ਤੋਂ ਬਿਨਾਂ ਕੋਈ ਪੈਦਾ ਨਹੀਂ ਹੋ ਸਕਦਾ। ਇਹ ਔਰਤਾਂ ਹੀ ਹਨ ਜਿਹਨਾਂ ਨੇ ਰਾਜੇ, ਮਹਾਰਾਜੇ ਅਤੇ ਵੱਡੇ-ਵੱਡੇ ਧਾਰਮਿਕ ਪੁਰਸ਼ਾ ਨੂੰ ਜਨਮ ਦਿੱਤਾ ਹੈ। ਅਜਿਹੇ ਵਿਚ ਸਮਾਜ ਕਿਵੇਂ ਔਰਤ ਨੂੰ ਨੀਵਾਂ ਦਰਜਾ ਦੇ ਸਕਦਾ ਹੈ। ਇਹ ਔਰਤ ਹੀ ਹੈ ਜਿਸ ਨਾਲ ਆਦਮੀ ਵਿਆਹ ਕਰਦਾ ਹੈ ਅਤੇ ਔਰਤ ਰਾਹੀਂ ਹੀ ਆਉਣ ਵਾਲੀਆਂ ਪੀੜੀਆਂ ਆਉਂਦੀਆਂ ਹਨ। ਇਹੀ ਮਨੁੱਖ ਜਾਤੀ ਦੀ ਪਾਲਣ-ਪੋਸ਼ਣ ਅਤੇ ਸੰਭਾਲ ਕਰਦੀ ਹੈ।

ਇਸ ਤਰੀਕੇ ਨਾਲ ਗੁਰੂ ਨਾਨਕ ਦੇਵ ਜੀ ਦਾ ਇਹ ਉਪਦੇਸ਼ ਉਸ ਸਮੇਂ ਦੇ ਮਰਦ ਪ੍ਰਧਾਨ ਸਮਾਜ, ਸੌੜੇ ਰੀਤੀ ਰਿਵਾਜਾਂ, ਧਾਰਮਿਕ ਪਰੰਪਰਾਵਾਂ ਤੇ ਸਿੱਧਾ ਹਮਲਾ ਸੀ ਅਤੇ 15ਵੀਂ-16ਵੀਂ ਸਦੀ ਦੀ ਇਸਤਰੀ ਤੇ ਮਰਦ ਦੀ ਸਮਾਨਤਾ ਤੇ ਬਰਾਬਰੀ ਦੀ ਇਨਕਲਾਬੀ ਸ਼ੁਰੂਆਤ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਦ੍ਰਿਸ਼ਟੀਕੋਣ ਹੀ ਬਾਅਦ ਵਿਚ ਮਨੁੱਖੀ ਅਧਿਕਾਰਾਂ ਅਤੇ ਬਰਾਬਰੀ ਦੇ ਸਿਧਾਂਤਾਂ ਵਿਚ ਦੁਨੀਆਂ ਭਰ ਵਿਚ ਪ੍ਰਫੁੱਲਿਤ ਹੋਇਆ।

ਗੁਰੂ ਨਾਨਕ ਦੇਵ ਜੀ ਡੂੰਘੇ ਦਾਰਸ਼ਨਿਕ ਵਿਚਾਰਾਂ ਦੀ ਵਿਲੱਖਣਤਾ ਨੇ ‘ਧਰਮ ਨਿਰਪੱਖਤਾ’ ਸ਼ਬਦ ਦੀ ਧਾਰਨਾ ਨੂੰ ਵੀ ਜਨਮ ਦਿੱਤਾ। ਉਹ ਪਹਿਲੇ ਲੋਕਾਂ ਵਿਚੋਂ ਸਨ ਜਿੰਨਾਂ ਨੇ ਸ਼ਬਦ ‘ਨਾ ਕੋ ਹਿੰਦੂ, ਨਾ ਮੁਸਲਮਾਨ’ ਦੇ ਆਦਰਸ਼ ਦੀ ਨੀਂਹ ਰੱਖੀ। ਉਹਨਾਂ ਦੇ ਇਸ ਕਥਨ ਵਿਚ ਧਰਮ ਨਿਰਪੱਖਤਾ ਨੂੰ ਵਿਸ਼ਵ-ਵਿਆਪੀ ਭਾਈਚਾਰਕ ਸਾਂਝ ਦੇ ਕੇਂਦਰ ਬਿੰਦੂ ਵਿਚ ਵੇਖਿਆ ਜਾਂਦਾ ਹੈ। ਉਹਨਾਂ ਦੀ ਧਰਮ ਨਿਰਪੱਖਤਾ ਦੀ ਪਰਿਭਾਸ਼ਾ ਮੌਜੂਦਾ ਧਰਮ ਨਿਰਪੱਖਤਾ ਦੇ ਸਿਧਾਂਤ ਤੋਂ ਬਹੁਤ ਉੱਪਰ ਹੈ। ਉਹਨਾਂ ਦਾ ਧਰਮ ਨਿਰਪੱਖਤਾ ਦੇ ਉਦੇਸ਼ ਦੀ ਪਹੁੰਚ ਨਾ ਕੇਵਲ ਅਧਿਆਤਮਕ ਤੇ ਸਮਾਜਿਕ ਹੈ ਬਲਕਿ ਇਹ ਇਕ ਉਹ ਸਮਾਜਿਕ ਪਹੁੰਚ ਹੈ ਜਿਸ ਨਾਲ ਸਮਾਜ ਵਿਚ ਸਮਾਨਤਾ, ਸਹਿਣਸ਼ੀਲਤਾ, ਸਮੁੱਚੀ ਮਾਨਵਤਾ ਦੀ ਬਰਾਬਰਤਾ ਪਾਈ ਜਾਂਦੀ ਹੈ। ਉਹਨਾਂ ਦੇ ਫ਼ਲਸਫ਼ੇ ਵਿਚ ਧਰਮ ਨਿਰਪੱਖਤਾ ਦੇ ਮੁੱਖ ਧਾਰਮਿਕ ਪਹਿਲੂਆਂ ਵਿਚ ਹੱਠਧਰਮੀ ਅਤੇ ਕਠੋਰਤਾ ਦਾ ਖੰਡਨ, ਵਰਗ ਵੰਡ ਦੀ ਵਿਰੋਧਤਾ ਤੇ ਮਨੁੱਖੀ ਨੈਤਿਕਤਾ ਤੇ ਵਧੇਰੇ ਬਲ ਸੀ। ਅਜਿਹੇ ਵਿਚਾਰਾਂ ਦੀ ਪ੍ਰੋੜਤਾ ਲਈ ਉਹਨਾਂ ਨੇ ਲੰਗਰ ਭਾਵ ਸਮੂਹਿਕ ਰਸੋਈ ਅਤੇ ਪੰਗਤ ਦੀ ਨੀਂਹ ਰੱਖੀ


**www.sanvad.org**
ISSN : 2395-1273

ਤਾਂ ਕਿ ਇਹਨਾਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਉਹਨਾਂ ਦਾ ਸਰਬੱਤ ਦੇ ਭਲੇ ਦਾ ਫ਼ਲਸਫਾ ਵੀ ਇਸ ਵਿਚਾਰਧਾਰਾ ਦਾ ਹੀ ਇਕ ਪਹਿਲੂ ਸੀ ਜਿਸ ਵਿਚ ਉਹ ਸਮੁੱਚੀ ਮਾਨਵਤਾ ਦੀ ਭਲਾਈ ਦੀ ਗੱਲ ਕਰਦੇ ਹਨ। ਉਹਨਾਂ ਦੇ ਵਿਚਾਰਾਂ ਤੇ ਸਿੱਖਿਆਵਾਂ ਵਿਚ ਉਸ ਸਮੇਂ ਦੇ ਪ੍ਰਮੁੱਖ ਧਰਮਾਂ ਭਾਵ ਹਿੰਦੂ ਅਤੇ ਮੁਸਲਮਾਨ ਪਰੰਪਰਾਵਾਂ ਦਾ ਸੁਮੇਲ ਹੈ। ਮਨੁੱਖਤਾ ਦੀਆਂ ਸਕਾਰਾਤਮਕ ਸੰਭਾਵਨਾਵਾਂ ਨੂੰ ਪੇਸ਼ ਕਰਦਾ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬਾਬੇ ਨਾਨਕ ਦਾ ਧਰਮ ਨਿਰਪੱਖਤਾ ਦਾ ਸਿਧਾਂਤ ਮੌਜੂਦਾ ਸਮੇਂ ਦੇ ਸੰਕੀਰਣ ਸਿਧਾਂਤ ਨਾਲ ਬਹੁਤ ਜਿਆਦਾ ਵਿਸ਼ਾਲ ਹੈ। ਉਹਨਾਂ ਦੀ ਕਲਪਨਾ ਕਿਸੇ ਰਾਜ, ਸਮੂਹ ਇਲਾਕੇ ਤਕ ਸੀਮਤ ਨਾ ਹੋ ਕੇ ਸਮੁਚੀ ਲੁਕਾਈ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਹ ਮਨੁੱਖਤਾ ਦੀ ਏਕਤਾ ਨੂੰ ਵਿਹਾਰਕ ਰੂਪ ਦੇਣ, ਧਾਰਮਿਕ ਭੇਦ ਭਾਵ ਖਤਮ ਕਰਨ ਤੇ ਸਵੈ ਇੱਛਾ ਨਾਲ ਭਾਈਚਾਰਕ ਸਾਂਝ ਸਥਾਪਤ ਕਰਨ ਦੀ ਵਿਲੱਖਣ ਪਹਿਲ ਸੀ। ਇਸ ਵਿਧੀ ਨਾਲ ਉਹਨਾਂ ਨੇ ਸਮਾਜ ਵਿਚ ਸਮਾਨਤਾ ਅਤੇ ਸ਼ਮੂਲੀਅਤ ਦੀ ਵਕਾਲਤ ਕੀਤੀ।

ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਮੇਂ ਦੇ ਸਮਾਜਿਕ ਸੁਧਾਰਕ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ। ਉਹਨਾਂ ਨੇ ਜ਼ੋਰਦਾਰ ਆਵਾਜ਼ ਵਿਚ ਉਸ ਵੇਲੇ ਦੇ ਸਮਾਜ ਵਿਚ ਜਾਤ-ਪਾਤ ਵਿਵਸਥਾ ਦੀ ਸਖ਼ਤ ਨਿੰਦਾ ਕੀਤੀ ਅਤੇ ਸਮਾਨਤਾ ਦੇ ਆਧਾਰ ’ਤੇ ਇਕ ਮਾਨਵਵਾਦੀ ਸਮਾਜ ਉਸਾਰਨ ਦੀ ਵਕਾਲਤ ਕੀਤੀ। ਉਹਨਾਂ ਮੁਤਾਬਕ ਜਾਤ ਪਾਤ ਭਾਵ ਵਰਣ ਸਿਸਟਮ ਮਨੁੱਖੀ ਵਿਕਾਸ ਵਿਚ ਸਭ ਤੋਂ ਵੱਡੀਆਂ ਰੁਕਾਵਟਾਂ ਪੈਦਾ ਕਰਦਾ ਹੈ। ਉਹਨਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਇਹ ਵੰਡਾਂ ਕੁਲੀਨ ਵਰਗ ਭਾਵ ਸ਼ਾਸਕ ਵਰਗ ਦੁਆਰਾ ਸਮਾਜ ਵਿਚ ਪਾਈਆਂ ਗਈਆਂ ਹਨ ਤਾਂ ਕਿ ਉਹ ਆਪਣਾ ਦਬਦਬਾ ਕਾਇਮ ਰੱਖ ਸਕਣ। ਉਹਨਾਂ ਨੇ ਇਸ ਪ੍ਰਣਾਲੀ ਨੂੰ ਮਨੁੱਖਤਾ ਦੀ ਇਹ ਗੈਰ ਕੁਦਰਤੀ ਵੰਡ ਵਜੋਂ ਭੰਡਿਆ ਅਤੇ ਇਸ ਨੂੰ ਬ੍ਰਾਹਮਣਵਾਦੀ ਜਾਤੀ ਢਾਂਚੇ ਦੀ ਉਤਪੱਤੀ ਕਿਹਾ। ਇਸੇ ਲਈ ਉਹਨਾਂ ਨੇ ਇਸ ਦੇ ਖਾਤਮੇ ਨੂੰ ਸ਼ੁਰੂ ਕਰਨ ਵਾਸਤੇ ਲੰਗਰ ਅਤੇ ਪੰਗਤ ਦੀ ਵਿਵਸਥਾ ਸ਼ੁਰੂ ਕੀਤੀ। ਇਹ ਉਹ ਰੀਤ ਸੀ ਜਿਸ ਵਿਚ ਹਰ ਪਿਛੋਕੜ ਦੇ ਲੋਕ, ਔਰਤ ਜਾਂ ਮਰਦ ਇਕੱਠੇ ਜ਼ਮੀਨ ਤੇ ਬੈਠ ਕੇ ਭੋਜਨ ਖਾਂਦੇ ਹਨ। ਇਸ ਦੇ ਨਾਲ ਉਹਨਾਂ ਨੇ ਉਪਦੇਸ਼ ਵਿਚ ਇਹ ਦੱਸਿਆ ਗਿਆ ਕਿ ਮਨੁੱਖ ਦੀ ਹੋਂਦ ਉਸਦੇ ਚੰਗੇ ਕੰਮਾਂ ਤੇ ਵਿਵਹਾਰ ਕਰਕੇ ਪਛਾਣੀ ਜਾਂਦੀ ਹੈ ਨਾ ਕਿ ਉਸਦੀ ਜਾਤ ਜਾਂ ਦੁਨੀਆਵੀ ਰੀਤੀ ਰਿਵਾਜਾਂ ਕਰਕੇ। ਇਸੇ ਵਾਸਤੇ ਹੀ ਉਹਨਾਂ ਨੇ ਪਹਿਲੇ ਉੱਚ ਜਾਤੀ ਦੇ ਰੁਤਬੇ ਦੇ ਪ੍ਰਤੀਕ ਜਨੇਊ ‘ਪਵਿੱਤਰ ਧਾਗੇ’ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਇਸ ਵਿਵਸਥਾ ’ਤੇ ਵੀ ਬਹੁਤ ਵੱਡੇ ਸਵਾਲ ਖੜ੍ਹੇ ਕੀਤੇ। ਬਾਅਦ ਵਿਚ ਆਪਣੇ ਸੰਸਾਰਿਕ ਜੀਵਨ ਵਿਚ ਭਾਈ ਬਾਲਾ ਅਤੇ ਭਾਈ ਮਰਦਾਨਾ ਨੂੰ ਆਪਣੇ ਸਾਥੀ ਚੁਣਿਆ। ਇਹ ਦੋਵੇਂ ਇਕ ਵੱਖਰੇ ਧਰਮ ਤੇ ਵੱਖਰੀ ਜਾਤੀ ਨਾਲ ਸਬੰਧਿਤ ਸਨ। ਇਸ ਤਰ੍ਹਾਂ ਉਹਨਾਂ ਨੇ ਆਪਣੀਆਂ ਸਿੱਖਿਆਵਾਂ ਅਤੇ ਅਸਲੀ ਜ਼ਿੰਦਗੀ ਦੇ ਤਜਰਬਿਆਂ ਰਾਹੀਂ ਹੇਠਲੇ ਵਰਗਾਂ ਭਾਵ ਦਲਿਤਾਂ ਦੇ ਦੱਬੇ ਕੁਚਲੇ ਲੋਕਾਂ ਨੂੰ ਮਾਣ ਪ੍ਰਦਾਨ ਕੀਤਾ। ਉਹਨਾਂ ਨੇ ਇਸ ਵਿਵਸਥਾ ਤੋਂ ਮੁਕਤੀ ਪਾਉਣ ਤੋਂ ਖਹਿੜਾ ਛੁੜਾਉਣ ਲਈ ਰਾਹ ਪੱਧਰਾ ਕੀਤਾ। ਇਸ ਸੰਦਰਭ ਵਿਚ ਉਹਨਾਂ ਨੇ ਕਥਨ ‘ਜਾਤਿ ਜਨਮੁ ਨਹ ਪੁੱਛੀਐ, ਸਚੁ ਘਰ ਲੇਹੁ ਬਤਾਇ’ ਅਨੁਸਾਰ ਰੱਬ ਦੇ ਦਰਬਾਰ ਵਿਚ ਕੋਈ ਜਾਤ-ਪਾਤ ਜਾਂ ਸਮਾਜਿਕ ਰੁਤਬਾ ਕੰਮ ਨਹੀਂ ਆਉਂਦਾ। ਸਗੋਂ ਉੱਥੇ ਤਾਂ ਮਨੁੱਖ ਦੁਆਰਾ ਕੀਤੇ ਹੋਏ ਚੰਗੇ ਕਰਮਾਂ ਦੀ ਹੀ ਕਦਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫਰਮਾਨ ‘ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।। ਨਾਨਕ ਤਿਨ ਕੇ ਸੰਗਿ ਉੱਤਹਿ ਵੱਡਿਆ ਸਿਓ ਕਿਆ ਰੀਸ।। ਜਿੱਥੇ ਨੀਚ ਸਮਾਲਿਨ ਤਿਥੈ ਨਦਿਰ ਤੇਰੀ ਬਖਸਸ਼ਿ’ ਸਮਾਜ ਦੇ ਸਭ ਤੋਂ ਹੇਠਲੇ ਵਰਗ ਭਾਵ ਦੱਬੇ ਕੁਚਲੇ ਲੋਕਾਂ ਦੇ ਸਮਰਥਨ ਵਿਚ ਖੜੇ ਹੋਣ ਦੀ ਵਕਾਲਤ ਕਰਦਾ ਹੈ। ਉਹਨਾਂ ਦੇ ਮੁਤਾਬਿਕ ਜਿਹੜਾ ਸਮਾਜ ਵਿੱਚੋਂ ਇਹਨਾਂ ਵਰਗਾਂ ਦੇ ਲੋਕਾਂ ਦੀ ਦੇਖਭਾਲ ਭਾਵ ਇਹਨਾਂ ਦੇ ਹੱਕ ਵਿਚ ਖੜਦਾ ਹੈ ਉਸਨੂੰ ਹੀ ਸਰਬ ਸ਼ਕਤੀਮਾਨ ਪਰਮਾਤਮਾ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਜੀ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਉਸ ਸਮੇਂ ਦੇ ਨੀਵੇਂ ਵਰਗ ਨਾਲ ਖੜੇ ਹੋਏ। ਇਸ ਦੀ ਮਿਸਾਲ ਉਹਨਾਂ ਨੇ ਇਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਭੋਜਨ ਕਰਕੇ ਦਿੱਤੀ ਅਤੇ ਭਾਗੋ ਜਿਹੇ ਹੰਕਾਰੀ ਅਤੇ ਉੱਚ ਜਾਤੀ ਦੇ ਜਿਮੀਦਾਰ ਨੂੰ ਉਸਦੀ ਔਕਾਤ ਦਿਖਾਈ।

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਕਿਰਤ ਨੂੰ ਹੀ ਮਹੱਤਵ ਦਿੱਤਾ ਹੈ ਅਤੇ ਆਪਣੇ ਫ਼ਲਸਫ਼ੇ ਦਾ ਆਧਾਰ ਵੀ ਬਣਾਇਆ ਹੈ। ਉਹਨਾਂ ਦੇ ਕਥਨ ਮੁਤਾਬਿਕ ਇਕ ਸੱਚਾ ਮਨੁੱਖ ਉਹੀ ਹੈ, ਜੋ ਆਪਣੇ ਹੱਥਾਂ ਨਾਲ ਕਮਾਈ ਕਰਕੇ ਆਪ ਜੀਵਨ ਨਿਰਬਾਹ ਕਰਦਾ ਹੈ ਅਤੇ ਦੂਸਰਿਆਂ ਲੋੜਵੰਦਾਂ ਦੀ ਮਦਦ ਕਰਦਾ ਹੈ। ਉਹਨਾਂ ਨੇ ਲੋਟੂ ਤੇ ਸ਼ੋਸ਼ਣ ਕਰਨ ਵਾਲੇ ਵਰਗਾਂ ਦੀ ਖਿਲਾਫ਼ਤ ਕੀਤੀ ਤੇ ਜਨਸਧਾਰਨ ਨੂੰ ਮਿਹਨਤ ਇਮਾਨਦਾਰੀ ਨਾਲ ਆਪਣੀ ਰੋਜ਼ੀ ਰੋਟੀ ਕਮਾਉਣ ਦੀ ਸਿੱਖਿਆ ਦਿੱਤੀ। ਇਸ ਦੇ ਨਾਲ ਹੀ ਉਹਨਾਂ ਨੇ ਵਰਣ ਪ੍ਰਥਾ ਦੇ ਨਾਲ ਸਮਾਜ ਵਿਚ ਕੰਮਾਂ ਦੀ ਵੰਡ ਦੀ ਸਖ਼ਤ ਨਿਖੇਧੀ ਕੀਤੀ ਅਤੇ ਹੱਥੀਂ ਕੰਮ ਕਰਨ ਵਾਲੇ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ। ਉਹਨਾਂ ਨੇ ਕੰਮ

ਨੂੰ ਪੂਜਾ ਤੇ ਮਿਹਨਤ ਨੂੰ ਸ਼ਰਧਾ ਦੇ ਨਾਵਾਂ ਨਾਲ ਨਿਵਾਜਿਆ। ਉਹਨਾਂ ਦੇ ਮੁਤਾਬਿਕ ਇਮਾਨਦਾਰੀ ਨਾਲ ਕੰਮ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲਣ ਵਾਲੇ ਹੀ ਸੱਚੇ ਤੇ ਸੁਚੱਜੇ ਮਨੁੱਖ ਹਨ।

ਕਿਰਤ ਦੇ ਸਿਧਾਂਤ ਨਾਲ ਵੰਡ ਕੇ ਖਾਣ ਦੀ ਸਿੱਖਿਆ ਉਸ ਸਮੇਂ ਦੇ ਵੰਡੇ ਹੋਏ ਸਮਾਜ ਵਿਚ ਇਕ ਨਿਵੇਕਲੀ ਪਹਿਲ ਸੀ। ਇਸ ਦਾ ਮੰਤਵ ਇਕ ਅਜਿਹਾ ਸਮਾਜ ਸਿਰਜਣਾ ਸੀ ਜਿਹੜਾ ਬਰਾਬਰੀ 'ਤੇ ਅਧਾਰਿਤ ਹੋਵੇ। ਇਸ ਦੇ ਨਾਲ ਹੀ ਕਿਰਤ ਕਰੋ ਤੇ ਵੰਡ ਛਕੋ ਦਾ ਉਪਦੇਸ਼ ਸਮਾਜ ਵਿਚ ਸਵੈ-ਨਿਰਭਰਤਾ ਤੇ ਆਪਸੀ ਭਾਈਚਾਰੇ ਦੀ ਨੀਂਹ ਰੱਖਦਾ ਹੈ। ਇਸ ਸਭ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਨੇ ਦੂਸਰਿਆਂ ਦੇ ਅਧਿਕਾਰ ਖੋਹਣ ਵਾਲੇ ਅਤੇ ਲੋਟੂ ਵਰਗ ਦਾ ਵੀ ਸਖ਼ਤ ਵਿਰੋਧ ਕੀਤਾ ਅਤੇ ਲੋਕਾਂ ਨੂੰ ਇਕੱਠੇ ਹੋ ਕੇ ਇਹਨਾਂ ਖਿਲਾਫ਼ ਖੜੇ ਹੋਣ ਦਾ ਹੋਕਾ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਰਾਜਨੀਤਿਕ ਹਾਲਾਤਾਂ ਅਤੇ ਵਿਸਥਾਵਾਂ 'ਤੇ ਜਬਰਦਸਤ ਸਵਾਲ ਚੁੱਕੇ। ਉਹਨਾਂ ਨੇ ਉਸ ਸਮੇਂ ਦੇ ਹਾਕਮਾਂ ਦੁਆਰਾ ਆਪਣੀ ਪ੍ਰਜਾ 'ਤੇ ਕੀਤੇ ਜਾ ਰਹੇ ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਆਵਾਜ਼ ਉਠਾਈ ਤੇ ਲੋਕਾਂ ਨੂੰ ਸਵੈਮਾਣ ਤੇ ਇੱਜ਼ਤ ਨਾਲ ਜਿਉਣ ਦਾ ਪਾਠ ਪੜ੍ਹਾਇਆ। ਉਹ ਸਮਾਜ ਵਿਚ ਹਰ ਕਿਸਮ ਦੀ ਬਰਾਬਰੀ ਦੇ ਮੁਦਈ ਸਨ। ਉਹਨਾਂ ਦੇ ਕਹੇ ਮੁਤਾਬਿਕ ਸਮਾਜ ਵਿਚ ਹਰ ਵਿਅਕਤੀ ਬਰਾਬਰੀ ਦਾ ਜਮਾਂਦਰੂ ਹੱਕਦਾਰ ਹੈ ਪਰੰਤੂ ਵਰਣ ਤੇ ਧਾਰਮਿਕ ਵੰਡ ਨੇ ਸਮਾਜ ਵਿਚ ਵੱਡੇ ਪਾੜੇ ਪਾਏ ਹੋਏ ਹਨ ਇਸ ਕਰਕੇ ਉਹਨਾਂ ਨੇ ਕਦੇ ਵੀ ਹਾਕਮਾਂ ਜਾਂ ਲੁੱਟ ਖਸੁੱਟ ਕਰਨ ਵਾਲੇ ਵਰਗ ਨਾਲ ਕੋਈ ਸਮਝੌਤਾ ਨਹੀਂ ਕੀਤਾ। ਉਹਨਾਂ ਨੇ ਸਦਾ ਹੀ ਜ਼ਾਲਮ ਹਾਕਮਾਂ ਤੇ ਜ਼ਾਲਮ ਸਮਾਜ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਉਹਨਾਂ ਦਾ ਇਹਨਾਂ ਤਾਕਤਾਂ ਖਿਲਾਫ਼ ਵਿਰੋਧ ਨੈਤਿਕਤਾ ਅਤੇ ਧਰਮ ਤੇ ਆਧਾਰਤ ਸੀ, ਉਹ ਜਿਹੜਾਂ ਲੋਕਾਂ ਨੂੰ ਬੇਇਨਸਾਫੀ ਅਤੇ ਜ਼ੁਲਮ ਦੇ ਅੱਗੇ ਡੱਟ ਕੇ ਰਹਿਣ ਦੀ ਪ੍ਰੇਰਨਾ ਸੀ। ਉਹਨਾਂ ਦੇ ਕਹੇ ਮੁਤਾਬਿਕ ਗੁਲਾਮਾਂ ਤੇ ਬੇਇਨਸਾਫੀ ਦੀ ਜ਼ਿੰਦਗੀ ਜਿਉਣ ਨਾਲੋਂ ਇੱਜ਼ਤ ਨਾਲ ਜਿਊਣਾ ਹੀ ਬੇਹਤਰ ਹੈ। ਉਹਨਾਂ ਦਾ ਕਥਨ ਜੇ ਜੀਵੈ ਪਤੀ ਲਥੀ ਜਾਵੇ, ਸਭ ਹੁਕਮ ਜੇਤਾ ਕਿਛੁ ਖਾਇ ਤੋਂ ਭਾਵ ਹੈ ਕਿ ਜਿਹੜੇ ਸਿਰਫ ਬੇਇੱਜ਼ਤੀ ਦੀ ਜ਼ਿੰਦਗੀ ਜਿਊਂਦੇ ਹਨ ਉਹ ਜੋ ਕੁਝ ਵੀ ਖਾਂਦੇ ਹਨ ਉਹ ਅਸ਼ੁੱਧ ਤੇ ਪਲੀਤ ਹੈ। ਉਹਨਾਂ ਨੇ ਉਸ ਸਮੇਂ ਦੇ ਹਾਲਾਤ ਵਿਚ ਲੋਕਾਂ ਨੂੰ ਜ਼ੁਲਮ ਦੇ ਖਿਲਾਫ਼ ਲੜਨ ਦਾ ਖੁੱਲਾ ਹੋਕਾ ਦਿੱਤਾ ਤਾਂਕਿ ਉਹ ਆਪਣੀ ਖੋਹੀ ਜਾ ਰਹੀ ਦੌਲਤ ਤੇ ਇੱਜ਼ਤ ਨੂੰ ਬਚਾਉਣ ਲਈ ਖੜੇ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜ਼ੁਲਮ ਤੇ ਜ਼ਾਲਮ ਵਿਰੁੱਧ ਲੜਨ ਦੀਆਂ ਬਹੁਤ ਸਾਰੀਆਂ ਟਿੱਪਣੀਆਂ ਮੌਜੂਦ ਹਨ। ਉਹਨਾਂ ਨੇ ਰਾਜਿਆਂ ਨੂੰ ਲੋਕਾਂ ਤੇ ਜ਼ੁਲਮ ਕਰਨ ਵਾਲੇ ਜੰਗਲੀ ਜਾਨਵਰਾਂ ਤੇ ਉਹਨਾਂ ਦੇ ਅਧਿਕਾਰੀਆਂ ਨੂੰ ਕੁੱਤੇ ਦਾ ਦਰਜ਼ਾ ਦਿੱਤਾ ਜਿਹੜੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਇਸਦੇ ਨਾਲ ਹੀ ਉਹਨਾਂ ਦੇ ਸ਼ਾਸਕਾਂ ਦੀਆਂ ਅਸੀਮ ਸ਼ਕਤੀਆਂ ਦਾ ਵੀ ਵਿਰੋਧ ਕੀਤਾ ਅਤੇ ਉਹਨਾਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਅਤੇ ਦਿਆਲੂ ਹੋਣ ਦਾ ਸਬਕ ਦਿੱਤਾ। ਉਹਨਾਂ ਮੁਤਾਬਿਕ ਚੰਗਾ ਸ਼ਾਸਕ ਉਹ ਹੈ ਜੋ ਲੋਕਾਂ ਨੂੰ ਨਿਆਂ ਦਿੰਦਾ ਹੈ। ਗੁਰੂ ਸਾਹਿਬ ਦੀਆਂ ਇਹ ਸਿੱਖਿਆਵਾਂ ਹੀ ਬਾਅਦ ਵਿਚ ਲੋਕਰਾਜ ਤੇ ਲੋਕਤੰਤਰੀ ਸ਼ਾਸਨ ਤੇ ਸਮਾਜ ਦੀ ਨੀਂਹ ਬਣੀਆਂ।

ਇਸ ਦੇ ਨਾਲ ਹੀ ਗੁਰੂ ਸਾਹਿਬ ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਆਪਣੇ ਜੀਵਤ ਤੇ ਫ਼ਲਸਫ਼ੇ ਨਾਲ ਉਸ ਸਮੇਂ ਦੇ ਸਮਾਜ ਵਿਚ ਫੈਲੀ ਰਾਜਨੀਤਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਅਨੈਤਿਕਤਾ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਅਤੇ ਲੋਕਾਂ ਨੂੰ ਸਮਾਜ ਵਿਚ ਫੈਲੀਆਂ ਹਰ ਤਰ੍ਹਾਂ ਦੀਆਂ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਹੋਕਾ ਦਿੱਤਾ।ਉਹਨਾਂ ਦੇ ਕਥਨ," ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸੰਦੇਸ਼ ਹਰ ਕਿਸੇ ਵਿਤਕਰੇ ਤੋਂ ਬਿਨਾਂ ਸਮਾਜ ਅਧਾਰਿਤ ਕਰਨਾ ਸੀ। ਇਸ ਦੇ ਨਾਲ ਹੀ ਉਹ ਸਮਾਜ ਵਿਚ ਹਰ ਕਿਸਮ ਦੇ ਭੈ ਅਤੇ ਵੈਰ ਨੂੰ ਖਤਮ ਕਰਨ ਦੀ ਗੱਲ ਕਰਦੇ ਹਨ ਅਤੇ ਸਮਾਨ ਮਨੁੱਖੀ ਅਧਿਕਾਰਾਂ ਦੀ ਪ੍ਰੋੜਤਾ ਕਰਦੇ ਹਨ। ਇਹ ਉਹ ਸਮਾਂ ਸੀ ਜਦੋਂ ਦੁਨੀਆਂ ਦੇ ਹਰ ਹਿੱਸੇ ਵਿਚ ਅਗਿਆਨਤਾ, ਧਾਰਮਿਕ ਅਤੇ ਸਮਾਜਿਕ ਕੱਟੜਵਾਦ, ਹਾਕਮਾਂ ਕੋਲ ਅਸੀਮਤ ਅਧਿਕਾਰ ਅਤੇ ਰਾਜੇ ਨੂੰ ਰੱਬ ਦਾ ਦੂਤ ਮੰਨਣਾ ਆਦਿ ਸੀ। ਹਿੰਦੁਸਤਾਨੀ ਸਮਾਜ ਵਿਚ ਧਾਰਮਿਕ ਕਿਰਤ ਭਾਵ ਪੁਜਾਰੀਆਂ ਅਤੇ ਮੁਲਾਣਿਆਂ ਦਾ ਦਬਦਬਾ ਸੀ, ਜਿਹੜੇ ਲੋਕਾਂ ਨੂੰ ਆਪਣੇ-ਆਪਣੇ ਤਰੀਕੇ ਨਾਲ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਵਿਚ ਫਸਾ ਕੇ ਸਦਾ ਲਈ ਉਹਨਾਂ ਨੂੰ ਆਪਣੇ ਤੇ ਸ਼ਾਸਕਾਂ ਦੇ ਗੁਲਾਮ ਰੱਖਦੇ ਸਨ। ਗੁਰੂ ਨਾਨਕ ਦੇ ਇਹਨਾਂ ਧਾਰਮਿਕ ਆਗੂਆਂ ਭਾਵ ਪੰਡਿਤ, ਜੋਗੀ, ਮੁਲਾਣੇ ਦੇ ਝੂਠ ਤੇ ਫਰੇਬ ਦੀ ਸਖ਼ਤ ਨਿਖੇਧੀ ਕੀਤੀ ਅਤੇ ਉਹਨਾਂ ਨੂੰ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਤੇ ਪਲਣ ਵਾਲੇ ਅਧਰਮ ਲੋਕ ਕਿਹਾ। ਇਸਦੇ ਨਾਲ ਹੀ ਉਹਨਾਂ ਨੇ ਇਹਨਾਂ ਆਗੂਆਂ ਨੂੰ ਸਮਾਜ ਵਿਚ ਵੰਡ


www.sanvad.org
ISSN : 2395-1273

ਪਾਉਣ ਦੇ ਦੋਸ਼ੀ ਕਿਹਾ ਅਤੇ ਲੋਕਾਂ ਨੂੰ ਜ਼ੋਰਦਾਰ ਹੋਕਾ ਦਿੱਤਾ ਕਿ ਇਹਨਾਂ ਦੇ ਝਾਂਸੇ ਵਿਚ ਨਾ ਆਉਣ ਤੇ ਉਹ ਆਪ ਇਕ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਵਿਅਕਤੀ ਵਜੋਂ ਉਭਰ ਕੇ ਸਾਹਮਣੇ ਆਉਣ।

ਬਾਬੇ ਨਾਨਕ ਦੇ ਫ਼ਲਸਫ਼ੇ ਵਿਚ ਇਕ ਕਿਰਤ ਭਾਵ ਮਨੁੱਖ ਨੂੰ ਆਪਣਾ ਜੀਵਨ ਨਿਰਬਾਹ ਕਰਨ ਲਈ ਇਮਾਨਦਾਰੀ, ਸੱਚਾਈ ਅਤੇ ਗੂੜੇ ਪਸੀਨੇ ਨਾਲ ਮਿਹਨਤ ਕਰਨ ਬਾਰੇ ਕਿਹਾ। ਉਹਨਾਂ ਨੇ ਦੂਸਰਿਆਂ ਦੀ ਮਿਹਨਤ ਤੇ ਪਲਨ ਵਾਲੇ ਲੋਕਾਂ ਨੂੰ ਪਾਪੀ ਅਤੇ ਬੇਈਮਾਨੀ ਦਾ ਦਰਜ਼ਾ ਦਿੱਤਾ। ਉਨਾਂ ਦੇ ਕਥਨ "ਘਾਲਿ ਖਾਇ ਕਿਛੁ ਹਥਹੁ ਹੋਇ, ਨਾਨਕ ਰਾਹੁ ਪਛਾਣਹਿ ਸੇਇ।" ਦਾ ਭਾਵ ਜਿਹੜਾ ਮਨੁੱਖ ਆਪਣੀ ਮਿਹਨਤ ਨਾਲ ਕਮਾ ਕੇ ਆਪਣਾ ਘਰ ਚਲਾਉਂਦਾ ਹੈ ਅਤੇ ਆਪਣੀ ਕਮਾਈ ਵਿੱਚੋਂ ਕੁਝ ਲੋੜਵੰਦਾਂ, ਬੇਸਹਾਰਾ ਲੋਕਾਂ ਵਿਚ ਵੰਡਦਾ ਹੈ ਉਹ ਹੀ ਇਕ ਆਦਰਸ਼ ਨਾਗਰਿਕ ਹੈ। ਬਾਬੇ ਨਾਨਕ ਦਾ ਇਹ ਸਿਧਾਂਤ ਸਮਾਜਵਾਦੀ ਅਤੇ ਵਰਗ ਰਹਿਤ ਸਮਾਜ ਉਸਾਰਨ ਦੀ ਨੀਂਹ ਵੀ ਰੱਖਦਾ ਹੈ। ਉਹਨਾਂ ਮੁਤਾਬਕ ਕਿਰਤ ਕਰਨ ਵਾਲਾ ਵਿਅਕਤੀ ਹੀ ਸਵੈਮਾਨ ਦੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਉਸ ਸਮੇਂ ਦੀ ਪ੍ਰਚੱਲਿਤ ਰੀਤੀ ਮੂਰਤੀ ਪੂਜਾ ਦਾ ਘੋਰ ਵਿਰੋਧ ਕੀਤਾ ਤੇ ਆਪਣੇ ਕਥਨਾਂ ਮੁਤਾਬਿਕ ਸਰਬ ਸ਼ਕਤੀਮਾਨ ਪਰਮਾਤਮਾ ਨੂੰ ਪਾਉਣ ਲਈ ਚੰਗੇ ਕਰਮ, ਮਨੁੱਖਤਾ ਨੂੰ ਪਿਆਰ ਤੇ ਹਰ ਕਿਸਮ ਦੇ ਜ਼ੁਲਮ ਨਾਲ ਲੜਨ ਵਾਲੇ ਰਾਹ ਦੀ ਵਕਾਲਤ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਉੱਪਰਲੀ ਸਤਹ 'ਤੇ ਹੀ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਭਾਵੇਂ ਉਹਨਾਂ ਨੇ ਇਹ ਵਿਚਾਰ 15ਵੀਂ ਸਦੀ ਦੇ ਅਖੀਰ ਤੇ 16ਵੀਂ ਸਦੀ ਦੇ ਮੱਧ ਤੋਂ ਪਹਿਲਾਂ ਦੇ ਹਨ ਪਰ ਉਹਨਾਂ ਦੀ ਸਾਰਥਿਕਤਾ ਉਸ ਸਮੇਂ ਨਾਲੋਂ ਹੁਣ ਹੋਰ ਵੀ ਬਹੁਤ ਜਿਆਦਾ ਵੱਧ ਗਈ। ਇਸ ਸਮੇਂ ਮਾਨਵਤਾ ਦੇਸ਼ ਤੇ ਦੁਨੀਆਂ ਵਿਚ ਜਿੰਨਾਂ ਭਿਆਨਕ ਮੁੱਦਿਆਂ, ਰੂੜੀਵਾਦੀ ਸੋਚ ਤੇ ਮਾਰੂ ਮਾਨਸਿਕਤਾ ਨਾਲ ਜੂਝ ਰਹੀ ਹੈ ਉਸ ਤੋਂ ਛੁਟਕਾਰਾ ਜਾਂ ਉਸ ਦਾ ਮੁਕਾਬਲਾ ਬਾਬੇ ਨਾਨਕ ਦੀਆਂ ਸਿੱਖਿਆਵਾਂ ਨਾਲ ਹੀ ਕੀਤਾ ਜਾ ਸਕਦਾ ਹੈ। ਵੱਧ ਰਹੀ ਅਸਮਾਨਤਾ, ਲੁੱਟ-ਘਸੁੱਟ, ਸਮਾਜਿਕ ਅਨਿਆਏ, ਔਰਤਾਂ ਨਾਲ ਵਿਤਕਰਾ, ਹਾਕਮ ਜਮਾਤਾਂ ਦਾ ਕਿਰਦਈਪਣ, ਲੋਕ ਮਾਰੂ ਨੀਤੀਆਂ, ਸਮਾਜ ਵਿਚ ਨੈਤਿਕਤਾ ਦੇ ਹੇਠਲੇ ਪੱਧਰ 'ਤੇ ਪਹੁੰਚਣਾ, ਦਿਨੋ ਦਿਨ ਵੱਧ ਰਿਹਾ ਲਾਲਚ, ਸਰਮਾਏਦਾਰੀ ਸੋਚ, ਆਪਸੀ ਲੜਾਈ ਝਗੜੇ ਤੇ ਮਾਰੂ ਜੰਗਾਂ, ਹਥਿਆਰਾਂ ਦਾ ਵਧਦਾ ਜੰਜਾਲ, ਵਾਤਾਵਰਨ ਦੀ ਤਬਾਹੀ, ਆਪਸੀ ਬੇਭਰੋਸੀ ਆਦਿ ਮੌਜੂਦਾ ਸਮੇਂ ਦੀਆਂ ਹਰ ਪੱਧਰ ਤੇ ਮੁੱਖ ਸਮੱਸਿਆਵਾਂ ਹਨ। ਲੱਗਦਾ ਹੈ ਕਿ ਮੌਜੂਦਾ ਸਮਾਂ ਬਾਬੇ ਨਾਨਕ ਦੇ ਸਮੇਂ ਨਾਲੋਂ ਘੱਟ ਭਿਆਨਕ ਨਹੀਂ ਹੈ। ਹਰ ਪੱਧਰ ਤੇ ਹਾਕਮ ਲੋਕਾਂ ਨੂੰ ਰੂੜੀਵਾਦੀ ਸੋਚ ਵੱਲ ਧੱਕ ਰਹੇ ਹਨ ਤਾਂ ਕਿ ਉਹ ਆਪਣੀ ਹੋਂਦ ਨੂੰ ਹੋਰ ਤਾਕਤਵਰ ਕਰ ਸਕਣ ਤੇ ਲੋਕਾਂ ਨੂੰ ਬਿਲਕੁਲ ਨਿਹੱਥੇ ਕਰਕੇ ਹਰ ਪਾਸੇ ਤੋਂ ਬੇਜ਼ੁਬਾਨ ਕਰ ਦੇਣਾ, ਰਾਜ ਤੇ ਰਾਜੇ ਪਹਿਲਾਂ ਨਾਲੋਂ ਬਹੁਤ ਜਿਆਦਾ ਤਾਕਤਵਰ ਹੋ ਗਏ ਹਨ ਅਤੇ ਉਹਨਾਂ ਨਾਲ ਸਿੱਧਾ ਮੁਕਾਬਲਾ ਕਰਨਾ ਬਹੁਤ ਮੁਸ਼ਕਿਲ ਹੈ।

ਏਸੇ ਸੰਦਰਭ ਵਿਚ ਹੀ ਬਾਬੇ ਨਾਨਕ ਜੀ ਦੇ ਫ਼ਲਸਫ਼ੇ ਨੂੰ ਅਪਣਾ ਕੇ ਉੱਪਰ ਦੱਸੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਮੁਕਾਬਲਾ ਕਰ ਸਕਦੇ ਹਾਂ ਅਤੇ ਇਕ ਵਰਗ ਰਹਿਤ, ਇਨਸਾਫ਼ ਪਸੰਦ ਸਮਾਜ ਅਤੇ ਰਾਜ ਦੀ ਸਥਾਪਨਾ ਕਰ ਸਕਦੇ ਹਾਂ। ਅਜਿਹੇ ਸਮਾਜ ਵਿਚ ਮਨੁੱਖ ਇਕ ਗ਼ੈਰਤ ਵਾਲੀ ਅਤੇ ਹਰ ਭੈ ਤੋਂ ਮੁਕਤ ਜ਼ਿੰਦਗੀ ਬਤੀਤ ਕਰ ਸਕਦਾ ਹੈ।

✧